# ਪੰਜਾਬ ਸਕੂਲ ਸਿੱਖਿਆ ਬੋਰਡ

## ਜਰੂਰੀ ਸੂਚਨਾ

**ਵਿਸ਼ਾ: 20 ਅਗਸਤ 2019 ਤੋਂ ਬੋਰਡ ਵੱਲੋਂ ਕਰਵਾਏ ਜਾ ਰਹੇ ਸਹਿ–ਅਕਾਦਮਿਕ ਵਿੱਦਿਅਕ ਮੁਕਾਬਲਿਆਂ ਨੂੰ ਪੋਸਟ–ਪੋਂਨ ਕਰਨ ਸੰਬੰਧੀ।**

1. ਵਿਸ਼ੇ ਦੇ ਸੰਬੰਧ ਵਿੱਚ ਦੱਸਿਆ ਜਾਂਦਾ ਹੈ ਕਿ ਪੰਜਾਬ ਰਾਜ ਦੇ ਬਹੁਤ ਸਾਰੇ ਜ਼ਿਲ੍ਹੇ ਹੜ੍ਹਾਂ ਕਰਕੇ ਪ੍ਰਭਾਵਿਤ ਹੋਏ ਹਨ ਅਤੇ ਇਸ ਨਾਲ਼ ਬਹੁਤ ਸਾਰੇ ਪਿੰਡਾਂ ਦੇ ਵਿੱਦਿਆਰਥੀ ਇਹਨਾਂ ਮੁਕਾਬਲਿਆਂ ਵਿੱਚ ਭਾਗ ਨਹੀਂ ਲੈ ਸਕਦੇ। ਇਸ ਤੋਂ ਇਲਾਵਾ ਮਿਤੀ 20/8/2019 ਨੂੰ ਸੰਗਰੂਰ ਅਤੇ ਬਰਨਾਲਾ ਜ਼ਿਲ੍ਹੇ ਵਿੱਚ ਸੰਤ ਹਰਚੰਦ ਸਿੰਘ ਲੌਂਗੋਵਾਲ ਜੀ ਦੇ ਸ਼ਹੀਦੀ ਦਿਹਾੜੇ ਤੇ ਸਰਕਾਰ ਵੱਲੋਂ ਸਰਕਾਰੀ ਛੁੱਟੀ ਦਾ ਐਲਾਨ ਕੀਤਾ ਗਿਆ ਹੈ।

2. ਉਪਰੋਕਤ ਸਥਿਤੀ ਨੂੰ ਮੁੱਖ ਰਖਦੇ ਹੋਏ ਡੀ.ਈ.ਓ. ਸਾਹਿਬਾਨ ਬੀ.ਈ.ਓ. ਅਤੇ ਪੰਜਾਬ ਰਾਜ ਦੇ ਸਾਰੇ ਸਰਕਾਰੀ ਅਤੇ ਐਫੀਲੀਏਟਡ ਸਕੂਲਾਂ ਦੇ ਮੁਖੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਮਿਤੀ 20/8/2019 ਤੋਂ 22/8/2019 ਤੱਕ ਦੇ ਹੋਣ ਵਾਲੇ ਪਹਿਲੇ ਰੂਟ ਦੇ ਮੁਕਾਬਲੇ ਹੁਣ ਮਿਤੀ 3/9/2019 ਤੋਂ 5/9/2019 ਤੱਕ ਕਰਵਾਏ ਜਾਣਗੇ। ਬਾਕੀ ਜ਼ਿਲ੍ਹਾ ਪੱਧਰ ਦੇ ਦੂਜੇ ਰੂਟ ਦੇ, ਖੇਤਰ ਪੱਧਰ ਅਤੇ ਰਾਜ ਪੱਧਰ ਦੇ ਮੁਕਾਬਲੇ ਪਹਿਲੇ ਪ੍ਰੋਗਰਾਮ ਅਨੁਸਾਰ ਹੀ ਕਰਵਾ ਲਏ ਜਾਣਗੇ।

3. ਡੀ.ਈ.ਓ. ਸਾਹਿਬਾਨ ਨੂੰ ਬੇਨਤੀ ਹੈ ਕਿ ਮਿਤੀ 20/8/2019 ਤੋਂ 22/8/2019 ਨੂੰ ਹੋਣ ਵਾਲੇ ਪਹਿਲੇ ਰੂਟ ਦੇ ਜ਼ਿਲ੍ਹਾ ਪੱਧਰੀ ਵਿੱਦਿਅਕ ਮੁਕਾਬਲਿਆਂ ਵਿੱਚ ਜਿਨ੍ਹਾਂ ਅਧਿਆਪਕਾਂ ਦੀ ਡਿਊਟੀ ਬਤੌਰ ਜੱਜ ਲਗਾਈ ਗਈ ਸੀ ਉਹਨਾਂ ਅਧਿਆਪਕਾਂ ਨੂੰ ਹੁਣ ਮਿਤੀ 3/9/2019 ਤੋਂ 5/9/2019 ਤੱਕ ਕਰਵਾਏ ਜਾ ਰਹੇ ਮੁਕਾਬਲਿਆਂ ਵਿੱਚ ਡਿਊਟੀ ਤੇ ਭੇਜਣ ਦੀ ਖੇਚਲ ਕਰਨ ਜੀ। ਸਮੇਂ ਦੀ ਘਾਟ ਕਰਕੇ ਇਸ ਸੰਬੰਧੀ ਸਕੂਲਾਂ ਵਿੱਚ ਕੋਈ ਵੱਖਰੇ ਤੌਰ ਤੇ ਚਿੱਠੀ ਪੱਤਰ ਨਹੀਂ ਪਾਇਆ ਜਾਵੇਗਾ।

Ram Luthra
19/8/2019
ਡਿਪਟੀ ਡਾਇਰੈਕਟਰ (ਫ਼ੀ. ਪ੍ਰੋ.)